ੴ ਸਤਿਗੁਰ ਪ੍ਰਸਾਦਿ ।

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ 413

ਮਿਹਰ ਮਣਸਾਂ ਸੁਖਿਆਂ ਚੱਕੂ ਹੋਜ਼ ਹਰਿਮਰਗਨਿ ਧਿਆਵਦਾ

ਗੁਰਦੁਆਰਾ ਜਨਮ ਅਸਥਾਨ

# ਨਨਕਾਣਾ ਸਾਹਿਬ ਦਾ ਹਿਰਦੇ ਵੇਧਕ ਸਾਕਾ

ਨਰੈਣ ਸਿੰਘ
ਸਾਬਕਾ ਮੈਨੇਜਰ
ਨਨਕਾਣਾ ਸਾਹਿਬ

**ਗੁਰੂ ਨਾਨਕ ਦੇਵ ਮਿਸ਼ਨ**

ਡਾਕ ਘਰ ਸਨੌਰ ਪਟਿਆਲਾ ।

ਪੰਜਾਬ ਇੰਡੀਆ

ਮੁੱਲ ਡੇਢ ਰੁਪਇਆ

# ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਇਸ ਮਿਸ਼ਨ ਵਲੋਂ 1963 ਤੋਂ ਲੈ ਕੇ ਹੁਣ ਤਕ 412 ਟ੍ਰੈਕਟ ਅਤ ਦਸ ਕੁ ਵਡੇਰੇ ਪੁਸਤਕ ਪ੍ਰਕਾਸ਼ਤ ਹੋਏ ਹਨ ਤੇ ਇਹ ਸੇਵਾ ਵਧੇਰੇ ਉਤਸ਼ਾਹ ਨਾਲ ਜਾਰੀ ਹੈ। 1988 ਤੋਂ ਸਾਲ ਭਰ ਵਿਚ ਵੀਹ ਟ੍ਰੈਕਟ ਪ੍ਰਕਾਸ਼ਤ ਕਰਨਾ ਮਿਥਿਆ ਗਿਆ ਹੈ ਸਲਾਨਾ ਚੰਦਾ ਵੀਹ ਰੁਪੈ ਤੇ ਜੀਵਨ ਪ੍ਰਯੰਤ ਇਕੋ ਵਾਰ ਦੇਣ ਯੋਗ ਚੰਦਾ 150 ਰੁਪੈ ਹੈ। ਪਰਦੇਸ ਲਈ 300 ਰੁਪੈ ਅਤੇ ਹਵਾਈ ਡਾਕ ਲਈ 500 ਰੁਪੈ ਹੈ। ਹਰ ਮੈਂਬਰ ਨੂੰ ਟ੍ਰੈਕਟ ਫਰੀ ਜਾਂਦਾ ਹੈ।

ਮਿਸ਼ਨ ਵਲੋਂ ਹਿੰਦੀ ਵਿਚ ਟ੍ਰੈਕਟ ਪ੍ਰਕਾਸ਼ਤ ਕਰ ਕੇ ਨਾਗਪੁਰ ਦੇ ਗਿਰਦੋ ਨਵਾਹ ਚ ਵਸਦੇ ਦੋ ਕ੍ਰੋੜ ਦੇ ਲਗਭਗ ਵਣਜਾਰੇ ਸਿਕਲੀਗਰ ਆਦ ਜਾਤੀਆਂ ਵਿਚ ਵੰਡਣ ਲਈ 'ਗੁਰੂ ਨਾਨਕ ਬੈਕ ਵਰਡ ਕਲਾਸਜ ਸੇਵਾ ਸਮਾਜ' ਨੂੰ ਭੇਜੇ ਜਾਂਦੇ ਹਨ। ਇਹ ਸਮਾਜ ਕਈ ਬਰਸਾਂ ਤੋਂ ਇਸ ਇਲਾਕੇ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਨਿਬਾਹ ਰਿਹਾ ਹੈ।

ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਮਿਸ਼ਨ ਕਾਲਜ ਵਿਦਿਆਰਥੀਆਂ ਦੇ ਸਾਲਾਨਾ ਧਾਰਮਕ ਇਮਤਿਹਾਨ ਲੈ ਕੇ ਜੇਤੂ ਵਿਦਿਆਰਥੀਆਂ ਨੂੰ ਕੈਸ਼ ਤੇ ਪੁਸਤਕ ਇਨਾਮ ਦੇਂਦਾ ਹੈ, ਜਿਨ੍ਹਾਂ ਦੀ ਘਟੋ ਘਟ ਗਿਣਤੀ ਸਾਲ ਅੰਦਰ 88 ਹੈ।

ਸਕੱਤਰ

ਦੇਸ਼ ਭਾਰਤ ਦੇ ਦੋ ਭਾਗਾਂ ਹਿੰਦੂ ਦੇ ਹਿੰਦੁਸਤਾਨ ਅਤੇ ਮੁਸਲਮਾਨ ਦੇ ਪਾਕਿਸਤਾਨ ਵਿਚ ਵੰਡੇ ਜਾਣ ਤੋਂ ਪਹਿਲੋਂ ਹਿੰਦੂ ਮੁਸਲਮਾਨ ਇਕ ਪਰਵਾਰ ਦੇ ਜੀਆਂ ਵਾਂਗ ਇਕਠੇ ਵਸਦੇ ਸਨ। ਇਹ ਗੱਲ ਕਈ ਹਜਾਰ ਬਰਸ ਪੁਰਾਣੀ ਹਵੇਗੀ ਜਦੋਂ ਮੁਲਤਾਨ ਦੇ ਰਾਜਾ ਵਰਤ ਨੇ ਜਿਸ ਥਾਉਂ ਅਜਕਲ ਨਨਕਾਣਾ ਸਾਹਿਬ ਹੈ ਅਤੇ ਜਿਸ ਦੇ ਲਾਗੇ ਇਕ ਪੁਰਾਣਾ ਸੈਕੜੇ ਮੁਰਬਾ ਗਜਾਂ ਵਿਚ ਫੈਲਿਆ ਵਡਾ ਥੇਹ ਹੈ ਏਥੇ ਤਲਵੰਡੀ ਨਾਮ ਦਾ ਇਕ ਸ਼ਹਿਰ ਵਸਾਇਆ ਸੀ। ਇਹ ਥਾਉਂ ਅਜਕਲ ਧਉਲਰ ਕਰਕੇ ਜਾਣਿਆ ਜਾਂਦਾ ਹੈ ਕਿਉਂਕਿ ਇਹ ਉਥੋਂ ਦੇ ਰਾਜੇ ਦਾ ਮਹਿਲ ਸੀ ਜੋ ਢਹਿ ਢੇਰੀ ਹੋ ਕੇ ਥੇਹ ਬਣ ਚੁਕਾ ਹੈ। ਇਸ ਦੇ ਲਾਗੇ ਹੀ ਪਹਾੜ ਵੱਲ ਇਕ ਖੂਹ ਹੈ ਜਿਸ ਨੂੰ ਅਜ ਵੀ ਸੀਤਾ ਵਾਲਾ ਖੂਹ ਕਰਕੇ ਜਾਣਿਆ ਤੇ ਲਿਖਿਆ ਜਾਂਦਾ ਹੈ ਧਉਲਰ ਕਰਕੇ ਜਾਣੇ ਜਾਂਦੇ ਰਾਜੇ ਦੇ ਮਹਿਲ ਤੋਂ ਸ਼ੁਰੂ ਹੋ ਕੇ ਸੀਤਾ ਵਾਲੇ ਖੂਹ ਤਕ, ਜੋ ਉਸ ਸਮੇਂ 110 ਫੁਟ ਡੂੰਘਾ ਸੀ ਹੇਠਾਂ ਨੂੰ ਪੌੜੀਆਂ ਬਣੀਆਂ ਹੋਈਆਂ ਸਨ ਜਿਨਾਂ ਦੇ ਰਸਤੇ ਮਹਿਲ ਦੀਆਂ ਰਾਜਰਾਣੀਆ ਤਾਜੇ ਪਾਣੀ ਨਾਲ ਇਸ਼ਨਾਨ ਕਰਨ ਲਈ ਖੂਹ ਵਲ ਉਤਰਿਆ ਕਰਦੀਆਂ ਸਨ। ਮੁਖੀ ਰਾਜ ਰਾਣੀ ਦੇ ਨਾਮ ਤੇ ਹੀ ਖੂਹ ਸੀਤਾ ਵਾਲਾ ਕਰ ਕੇ ਜਾਣਿਆ ਗਿਆ ਅਤੇ ਹੁਣ ਤਕ ਜਾਣਿਆ ਜਾਂਦਾ ਹੈ

ਥੇਹ ਦੇ ਉਪਰ ਇਸ ਵੇਲੇ ਮੁਸਲਮਾਨਾਂ ਦਾ ਕਬਰਸਤਾਨ ਅਥਵਾ ਮੋਏ ਮੁਸਲਮਾਨਾਂ ਨੂੰ ਦਫਨ ਕਰਨ

ਦੀ ਥਾਂ ਹੈ। ਇਸ ਕਬਰਸਤਾਨ ਵਿਚ ਹੀ ਇਕ ਕਬਰ ਰਾਇ ਬੁਲਾਰ ਦੀ ਦਸੀ ਜਾਂਦੀ ਹੈ ਜੋ ਉਸ ਸਮੇ ਰਾਜਾ ਵਰਤ ਦੀ ਵਸਾਈ ਆਬਾਦੀ ਜਿਸ ਨੂੰ ਤਦੋਂ ਰਾਇ ਭੋਇ ਦੀ ਤਲਵੰਡੀ ਕਿਹਾ ਜਾਦਾ ਸੀ ਦਾ ਹਾਕਮ ਸੀ। ਰਾਇ ਬੁਲਾਰ ਦੇ ਵਡਕੇ ਦਾ ਨਾਉ ਰਾਇ ਭੋਇ ਹੋਣ ਕਰਕੇ ਇਸ ਆਬਾਦੀ ਅਥਵਾ ਕੋਟਲੀ ਦਾ ਨਾਉ 'ਰਾਇ ਭੋਇ ਦੀ ਤਲਵੰਡੀ' ਪੈ ਗਿਆ ਸੀ।

ਇਸ ਰਾਇ ਭੋਇ ਦੀ ਤਲਵੰਡੀ ਦਾ ਪੰਦਰਵੀਂ ਸਦੀ ਈਸਵੀ ਵਿਚ ਮਾਲਕ ਤੇ ਹਾਕਮ ਦਾ ਨਾਉ ਰਾਇ ਬੁਲਾਰ ਸੀ ਜਿਸ ਦਾ ਇਕ ਮੁਖੀ ਕਾਰਿੰਦਾ ਕਲਿਆਨ ਦਾਸ ਸੀ ਜਿਸ ਨੂੰ ਹੀ ਮਹਿਤਾ ਕਾਲੂ ਕਰ ਕੇ ਜਾਣਿਆ ਗਿਆ। ਇਸ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੇ ਉਦਰ ਤੋਂ ਸੰਨ 1469 ਵਿਚ ਕਤਕ ਦੀ ਪੂਰਨਮਾਸ਼ੀ ਦੇ ਦਿਨ ਇਕ ਬਾਲਕ ਨੇ ਜਨਮ ਲਿਆ ਸੀ ਜਿਸ ਤੋਂ ਵਡੀ ਉਸ ਦੀ ਭੈਣ ਨਾਨਕੀ ਸੀ ਜਿਸ ਦਾ ਨਾਮ ਉਸ ਦਾ ਜਨਮ ਉਸ ਦੇ ਨਾਨਕੇ ਪਿੰਡ ਡੇਰਾ ਚਾਹਲ ਜਿਲਾ ਲਾਹੌਰ ਵਿਚ ਹੋਇ ਹੋਣ ਕਰਕੇ ਨਾਨਕੀ ਰਖਿਆ ਗਿਆ ਸੀ। ਨਾਨਕੀ ਤੋਂ ਚਾਰ ਪੰਜ ਸਾਲ ਪਿਛੋਂ ਮਹਿਤਾ ਕਾਲੂ ਦੇ ਘਰ ਜਿਸ ਬਾਲਕ ਨੇ ਜਨਮ ਲਿਆ ਉਸ ਦਾ ਨਾਮ ਵਡੀ ਭੈਣ ਦੇ ਨਾਮ ਅਨੁਸਾਰ ਨਾਨਕ ਰਖਿਆ ਗਿਆ।

ਨਾਨਕ ਦੀ ਛੋਟੀ ਉਮਰ ਤੋਂ ਹੀ ਉਸ ਦਾ ਉਠਣ ਬੈਠਣ ਤੇ ਖੇਡਣ ਮਲੱਣ ਨਿਆਰੇ ਢੰਗ ਦਾ ਸੀ ਓਸ ਵਿਚ ਨਾ ਉਸ ਦੇ ਹਮ ਉਮਰ ਬਾਲਕਾਂ ਵਾਲੀ ਚੰਚਲਤਾ ਸੀ ਅਤੇ ਨ ਕੁਝ ਖਾਣ

ਪੀਣ ਦੀ ਭੁੱਖ ਬਾਲਕਾਂ ਵਿਚ ਇਕ ਸਾਧਾਰਨ ਬਾਲਕ ਵਾਂਗ ਵਿਚਰਦਾ ਹੋਇਆ ਵੀ ਉਹ ਕਿਸੇ ਡੂੰਘੇਰੀ ਸੋਚ ਵਿਚ ਪਿਆ ਪਰਤੀਤ ਹੁੰਦਾ ਸੀ ਜਦੋਂ ਕਿ ਉਸ ਦੇ ਮਾਪੇ ਤੇ ਹੋਰ ਸਨਬੰਧੀ ਉਸ ਨੂੰ ਹੋਰ ਬਾਲਕਾਂ ਵਾਂਗੂ ਵਿਚਰਦਾ ਵੇਖਣਾ ਚਾਹੁੰਦੇ ਸਨ, ਇਸ ਲਈ ਉਨਾਂ ਨੇ ਨਾਨਕ ਨੂੰ ਵਾਰੀ ਵਾਰੀ ਉਜੇਹੇ ਕੰਮਾ ਤੇ ਲਾਇਆ, ਜਿਹੋ ਜਹੇ ਉਸ ਸ੍ਰੇਣੀ ਦੇ ਬਚੇ ਕਰਦੇ ਸਨ, ਯਥਾ ਘਰ ਦੀਆਂ ਮਹੀਆਂ ਦਾ ਛੇੜੂ ਬਣਾਇਆ ਅਤੇ ਜਦੋਂ ਉਸ ਦੀ ਅਵਸਥਾ ਪੜ੍ਹਨ ਜੋਗੀ ਹੋਈ ਤਾਂ ਤਲਵੰਡੀ ਦੇ ਪਾਂਧੇ ਤੇ ਮੌਲਵੀ ਪਾਸ ਪੜਨੇ ਭੀ ਪਾਇਆ। ਜੈਂਦੋਂ ਨਾਨਕ ਹੋਰ ਵਡੇਰਾ ਹੋਇਆ ਤਾਂ ਵੀਹ ਰੁਪੈ ਦੇ ਕੇ ਕੋਈ ਚੰਗਾ ਲਾਹੇਵੰਦ ਸੌਦਾ ਕਰਨ ਘਲਿਆ। ਨਾਨਕ ਵਡਾ ਆਗਿਆ ਕਾਰ ਸਪੁੱਤਰ ਸੀ ਜਿਸ ਲਈ ਜੋ ਕੰਮ ਭੀ ਮਾਪਿਆ ਨੇ ਸਉਪਿਆ "ਸਤ ਬਚਨ" ਕਿਹਾ ਤੇ ਕਰਨ ਲਗ ਗਿਆ। ਪਰ ਹਰ ਕੰਮ ਕਰਨ ਦੀ ਵਿਧੀ ਉਸ ਦੀ ਆਪਣੀ ਹੀ ਸੀ ਜੋ ਮਾਪਿਆਂ ਨੂੰ ਨਹੀ ਜਚਦੀ ਸੀ। ਅਜੇਹੇ ਸਾਰੇ ਕੰਮ ਨਾਨਕ ਨੇ ਤਲਵੰਡੀ ਵਿਚ ਰਹਿੰਦਿਆਂ ਕੀਤੇ, ਜਿਸ ਕਾਰਨ ਤਲਵੰਡੀ ਦੀਆਂ ਕਈ ਵਿਸ਼ੇਸ਼ ਥਾਵਾਂ ਅਤੇ ਸਾਧਾਰਨ ਜੰਗਲੀ ਰੁਖ ਜਿਨਾਂ ਦੀ ਛਾਵੇਂ ਨਾਨਕ ਬਹਿੰਦਾ ਖਲੋਂਦਾ ਰਿਹਾ ਉਸ ਦੇ ਨਾਮ ਨਾਲ ਸਬੰਧਤ ਹੋ ਗਏ, ਇਸ ਲਈ ਤਲਵੰਡੀ ਗੁਰੂ ਨਾਨਕ ਦਾ ਨਿਰਾ ਜਨਮ ਟਿਕਾਣਾ ਹੋਣ ਕਰਕੇ ਹੀ ਨਹੀਂ, ਬਲਕਿ ਬਾਲ ਅਵਸਥਾ ਅੰਦਰ ਆਪ ਦੇ ਤਲਵੰਡੀ ਵਿਚ ਵਰਤਾਏ ਕਈ ਕਉਤਕ ਤੇ ਕੀਤੇ ਕਰਤੱਵ ਆਪ ਦੀਆਂ ਯਾਦਗਾਰਾਂ ਬਣ ਗਏ, ਜਿਸ ਗਲ ਨੇ ਸਮਾ ਪਾਕੇ ਤਲਵੰਡੀ ਦੀ ਵਡਿਆਈ ਵਿਚ ਹੋਰ ਵਾਧਾ ਕੀਤਾ, ਪਰ ਚੂੰ ਕਿ ਆਪ ਤਲਵੰਡੀ ਵਿਚ

ਬਹੁਤ ਸਾਲ ਨਹੀ ਰਹੇ ਅਤੇ ਜਵਾਨ ਹੋਣ ਸਾਰ ਹੀ ਆਪ ਨੂੰ ਸੁਲਤਾਨਪੁਰ ਦੇ ਨਵਾਬ ਦਾ ਮੋਦੀ ਬਣਨਾ ਪਿਆ, ਜਿਸ ਤੋਂ ਪਿਛੋ ਆਪ ਦਾ ਜਗਤ ਸੁਧਾਰ 'ਚੜਿਆ ਸੋਧਨ ਧਰਤ ਲੁਕਾਈ'...ਦਾ ਕੰਮ ਅਰੰਭ ਹ ਗਿਆ ਅਤੇ ਜਦੋਂ ਇਸ ਤੋਂ ਵਹਲੇ ਹੋਏ ਤਾਂ ਆਪ ਰਾਵੀ ਕੰਢੇ ਕਰਤਾਰਪੁਰ ਜਾ ਵਸੇ, ਇਸ ਲਈ ਤਲਵੰਡੀ ਦੇ ਇਤਿਹਾਸ ਦਾ ਬਹੁਤ ਸਾਰਾ ਸਮਾਂ ਹਨੇਰੇ ਵਿਚ ਰਿਹਾ । ਅਤੇ ਇਸ ਵਿਚਲੇ ਸਮੇਂ ਤਲਵੰਡੀ ਵਸਦੀ ਰਹੀ ਜਾਂ ਉਜੜ ਗਈ ਇਸ ਬਾਰੇ ਕੁਛ ਕਿਹਾ ਨਹੀਂ ਜਾ ਸਕਦਾ ।

ਸਤਿਗੁਰੂ ਨਾਨਕ ਦੇਵ ਜੀ ਦੇ ਤਲਵੰਡੀ ਛਡ ਜਾਣ ਤੋਂ ਲਗ ਭਗ ਸੌ ਸਾਲ ਪਿਛੋਂ ਅਥਵਾ ਸੋਲਵੀਂ ਸਦੀ ਈਸਵੀ ਦੇ ਅਖੀਰੀ ਦਹਾਕੇ ਵਿਚ ਜਦੋਂ ਪੰਜਵੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਰਾਵੀ ਦੇ ਕੰਢੇ ਪਿੰਡ ਜੰਬਰ ਵਿਚ ਆਪਨ ਸਿਖਾਂ ਵਿਚਾਲੇ ਝਗੜਾ ਨਿਪਟਾਣ ਗਏ ਤਾਂ ਉਥੋਂ ਆਪ ਦਰਿਆ ਰਾਵੀ ਦੇ ਦੂਸਰੇ ਪਾਸੇ ਕੁਝ ਦਿਨ ਜਾਤਰੀ ਨਾਮ ਦੇ ਥਾਂ ਤੇ ਰਹੇ ਅਤੇ ਉਥੋਂ ਵੀਹ ਕੁ ਕੋਹਾਂ ਦਾ ਪੰਧ ਕਟ ਕੇ ਤਲਵੰਡੀ ਟਿਕਾਣੇ ਆਏ । ਉਸ ਸਮੇਂ ਤਲਵੰਡੀ ਬਹੁਤ ਰੌਣਕ ਵਾਲੀ ਥਾਉਂ ਨਹੀ ਸੀ । ਗੁਰੂ ਅਰਜਨ ਦੇਵ ਜੀ ਨੇ ਮਹਿਤਾ ਕਾਲੂ ਦੇ ਘਰ ਦਾ ਉਹ ਕੋਠਾ ਜਿਥੇ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਪ੍ਰਕਾਸ਼ ਹੋਇਆ ਸੀ ਨਿਸਚਿਤ ਕੀਤਾ ਅਤੇ ਇਸ ਦੇ ਨਾਲ ਹੀ ਜਿਥੇ ਆਪ ਬਾਲ ਖੇਡਾਂ ਖੇਡਦੇ ਰਹੇ ਅਥਵਾ ਬਾਲ ਲੀਲਾ ਦੀ ਥਾਂ ਅਤੇ ਜਿਸ ਮਾਲ (ਵਣ) ਦੇ ਰੁਖ ਹੇਠ ਆਪ ਮਹੀਂ ਚਾਰਨ ਗਏ ਸੌ ਗਏ ਸਨ ਤੇ ਆਪ ਦੇ ਮੂੰਹ ਪਰ ਧੁਪ ਆ ਜਾਣ

ਕਰਕੇ ਇਕ ਸੱਪ ਨੇ ਛਾਇਆ ਕੀਤੀ ਸੀ ਉਸ ਮਾਲ ਦਾ ਨਿਸ਼ਾਨ ਦਿਤਾ ਏਨ੍ਹੀ ਥਾਂਵੀ ਹੀ ਪਿਛੋਂ ਗੁਰਦੁਆਰੇ ਜਨਮ ਅਸਥਾਨ, ਬਾਲ ਲੀਲਾ ਅਤੇ ਮਾਲ ਸਾਹਿਬ ਸਥਾਪਤ ਹੋਏ।

ਉਸ ਤੋਂ ਪਿਛੋਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਕਸ਼ਮੀਰ ਤੋਂ ਵਾਪਸ ਮੁੜਦੇ ਹੋਇ ਹਾਫਜ਼ਾ ਬਾਦ ਅਤੇ "ਬਚੇ ਨੌ" ਦੀਆਂ ਵਸੋਂ ਦੇ ਰਸਤੇ ਸੰਨ 1624–26 ਦੇ ਕਰੀਬ ਤਲਵੰਡੀ ਆਏ ਅਤੇ ਉਕਤ ਤਿੰਨਾਂ ਯਾਦਗੀਰੀ ਅਸਥਾਨਾ ਦੇ ਦਰਸ਼ਨ ਕਰਦੇ ਹੋਏ ਕਈ ਦਿਨ ਉਸ ਟਿਕਾਣੇ, ਠਹਿਰੇ ਜਿਥੇ ਹੁਣ ਛੇਵੀਂ ਪਾਤਸ਼ਾਹੀ ਨਾਮ ਦਾ ਗੁਰਦੁਆਰਾ ਕਾਇਮ ਹੈ। ਇਸ ਅਸਥਾਨ ਦੇ ਬਿਲਕੁਲ ਨੇੜੇ ਹੀ ਗੁਰਦੁਆਰਾ ਤੰਬੂ ਸਾਹਿਬ ਹੈ ਜਿਥੇ ਸਚਾ ਸੌਦਾ ਕਰਕੇ ਮੁੜਨ ਪਰ ਸਤਿਗੁਰੂ ਨਾਨਕ ਦੇਵ ਜੀ ਮਾਲ (ਵਣ) ਦੇ ਇਕ ਰੁਖ ਹੇਠ ਬੈਠ ਰਹੇ ਸਨ ਅਤੇ ਜਿਥੋਂ ਮਹਿਤਾ ਕਾਲ ਅਤੇ ਭੈਣ ਬੇਬੇ ਨਾਨਕੀ ਜੀ ਆਪ ਨੂੰ ਘਰ ਲੈ ਗਏ ਸਨ।

ਗੁਰਦੁਆਰਾ ਕਿਆਰਾ ਸਾਹਿਬ ਬਾਰੇ ਰਵਾਇਤ ਹੈ ਕਿ ਹਜ਼ੂਰ ਸਾਹਿਬ (ਨੰਦੇੜ) ਤੋਂ ਇਕ ਨਿਹੰਗ ਸਿੰਘ ਆਇਆ ਸੀ। ਜਿਸ ਨੇ ਉਸ ਥਾਉਂ ਦਾ ਨਿਸ਼ਾਨ ਦਿਤਾ ਜਿਥੇ ਸਤਿਗੁਰ ਦੀਆਂ ਮਹੀਆਂ ਨੇ ਜਟ ਦਾ ਖੇਤ ਉਜਾੜਿਆ ਸੀ।

ਗੁਰੂ ਹਰਿ ਗੋਬਿੰਦ ਸਾਹਿਬ ਦੇ ਤਲਵੰਡੀ ਆਉਣ ਤੋਂ ਲਗ ਪਗ ਦੋ ਸੋ ਸਾਲ ਦਾ ਸਮਾਂ ਅਜਿਹਾ ਹੈ ਜਿਸ ਵਿਚ ਤਲਵੰਡੀ ਬਾਰੇ ਕੁਝ ਪਤਾ ਨਹੀਂ ਚਲਦਾ।

ਸੰਨ 1818 ਵਿਚ ਜਦੋਂ ਮਹਰਾਜਾ ਰਣਜੀਤ ਸਿੰਘ

ਨੇ ਮੁਲਤਾਨ ਦੀ ਮੁਹਿੰਮ ਜਿਤੀ ਤਾਂ ਵਾਪਸੀ ਸਮੇ ਮਹਾਰਾਜੇ ਨੂੰ ਤਲਵੰਡੀ ਦੇ ਯਾਦਗੀਰੀ ਅਸਥਾਨਾਂ ਦੀ ਸੰਭਾਲ ਦਾ ਫੁਰਨਾ ਹੋਇਆ ਅਤੇ ਨ ਕੇਵਲ ਹਜ਼ਾਰਾ ਘੁਮਾਊਂ ਦਾ ਰਕਬਾ ਅਤੇ ਕਈ ਪਿੰਡਾਂ ਦੀ ਜਾਗੀਰ ਹੀ ਗੁਰਦੁਆਰਿਆ ਦੇ ਨਾਮ ਲਗਾ ਦਿਤੀ, ਸਗੋਂ ਗੁਰਦੁਆਰਾ ਜਨਮ ਅਸਥਾਨ ਤੇ ਬਾਲ ਲੀਲਾਂ ਦੀਆਂ ਇਮਾਰਤਾਂ ਅਤੇ ਬਾਲ ਲੀਲਾ ਸਰੋਵਰ ਦੀ ਤਾਮੀਰ ਭੀ ਕਰਵਾਈ। ਬਾਬਾ ਗੁਰਬਖਸ ਸਿੰਘ, ਜਿਸ ਨੂੰ ਮੌਕੇ ਤੇ ਰਹਿਕੇ ਇਸ ਤਾਮੀਰ ਦੀ ਸਉਪਨਾ ਕੀਤੀ ਗਈ ਸੀ ਨੇ ਆਪਣੀ ਵਕਤੀ ਰਿਹਾਇਸ਼ ਲਈ ਇਕ ਅਟਾਰੀ (ਦੋ ਮੰਜਲਾ ਮਕਾਨ) ਉਕਤ ਦੋਹਾਂ ਗੁਰਦੁਆਰਿਆ ਦੇ ਵਿਚਾਲੇ ਬਣਵਾਇਆ ਸੀ ਜਿਸ ਨੂੰ ਪਿਛੋਂ ਅਟਾਰੀ ਸਾਹਿਬ ਕਿਹਾ ਜਾਣ ਲਗਾ। ਇਸ ਥਾਉਂ ਨੂੰ ਹੀ ਬਾਦ ਵਿਚ ਪਟੀ ਸਾਹਿਬ ਦਾ ਨਾਮ ਦੇ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਪਾਧੇ ਪਾਸ ਪੜ੍ਹਨੇ ਪੈਣ ਅਤੇ ਪਟੀ ਲਿਖਣ ਦੇ ਵਾਕਿਆਂ ਨਾਲ ਮਨਸੂਬ ਕਰ ਲਿਆ ਗਿਆ। ਕੁਝ ਕੁ ਗੁਰਦੁਆਰਿਆਂ ਦੀ ਬਾਕਾਇਦਾ ਸਥਾਪਨਾ ਹੋ ਜਾਣ ਅਤੇ ਇਨ੍ਹਾਂ ਦੇ ਨਾਲ ਵੱਡੀਆਂ ਜਾਗੀਰਾਂ ਅਤੇ ਜ਼ਮੀਨਾਂ ਸੰਬੰਧਤ ਕੀਤੇ ਜਾਣ ਨੇ ਇਸ ਥਾਂ ਦੀ ਮਹੱਤਤਾ ਵਧਾ ਦਿਤੀ ਅਤੇ ਇਸ ਤੋਂ ਛੇਤੀ ਪਿਛੋਂ ਕਈ ਸਦੀਆਂ ਪੁਰਾਣੀ ਤਲਵੰਡੀ ਦੀ ਵਸੋਂ ਅਤੇ ਜੂਹ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਨਨਕਾਣਾ ਅਤੇ ਨਨਕਾਣੇ ਦੀ ਬੁਰਜੀ ਕਿਹਾ ਜਾਣ ਲਗਾ ਜੋ ਸਮੇਂ ਨਾਲ, ਨਨਕਾਣਾ ਸਾਹਿਬ ਕਰਕ ਉਘਾ ਹੋ ਗਿਆ ਅਤੇ ਇਹੋ ਨਾਮ ਸਰਕਾਰੀ ਕਾਗਜ਼ਾਂ ਅੰਦਰ ਦਰਜ ਹੋ ਗਿਆ।

ਉਸ ਸਮੇਂ ਇਨ੍ਹਾਂ ਅਸਥਾਨਾਂ ਦੀ ਸਾਧਾਰਨ ਝਾੜੂ

ਦੀਵੇ ਦੀ ਸੇਵਾ ਰੁਖੋ ਰੇਖ ਸੁੰਨੀਆਂ ਦੇ ਬੰਦਿਆਂ ਨੇ ਸੰਭਾਲੀ ਹੋਈ ਸੀ। ਗੁਰਦੁਆਰੇ ਜਨਮ ਅਸਥਾਨ ਅਤੇ ਮਾਲ ਸਾਹਿਬ ਉਦਾਸੀ ਸੰਪਰਦਾਂ ਦੇ ਸਾਧੂਆਂ ਪਾਸ ਸਨ, ਬਾਲ ਲੀਲਾ ਅਤੇ ਪਿਆਰਾ ਸਾਹਿਬ ਨਿਰਮਲੇ ਸਾਧੂਆ ਅਤੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਤੇ ਤਬੂ ਸਾਹਿਬ ਨਿਹੰਗਾਂ ਦੇ ਕਬਜੇ ਵਿਚ ਸੀ।

ਉਨ੍ਹੀ ਦਿਨੀ ਧਰਤੀ ਦੀ ਸਿੰਚਾਈ ਦਾ ਵਡੇ ਪੈਮਾਨੇ ਤੇ ਪ੍ਰਬੰਧ ਨ ਹੋਣ ਕਰਕੇ ਨਨਕਾਣੇ ਦੀ ਬੁਰਜੀ ਦਾ ਲਗਭਗ ਸਾਰਾ ਰਕਬਾ ਹੀ ਡੰਗਰਾਂ ਦੇ ਚੁਗਣ ਲਈ ਚਰਾਗਾਹ ਬਣੀ ਹੋਈ ਸੀ। ਕੇਵਲ ਛੇ ਸਤ ਖੂਹ ਸਨ ਜਿਨ੍ਹਾਂ ਤੋਂ ਥੋੜੀ 2 ਜਮੀਨ ਸਿੰਚ ਕੇ ਕੁਝ ਖੇਤੀ ਹੁੰਦੀ ਸੀ। ਇਨ੍ਹਾਂ ਖੂਹਾਂ ਦੇ ਨਾਮ ਸਨ ਸੀਤਾ ਵਾਲਾ, ਬਾਲੇ ਵਾਲਾ, ਬੁੱਤ ਵਾਲਾ ਪੈੜੇ ਵਾਲਾ, ਬਾਲ ਲੀਲਾ ਵਾਲਾ ਅਤੇ ਖਿਪ ਵਾਲਾ।

ਬਾਕੀ ਹਜ਼ਾਰਹਾਂ ਘੁਮਾਵਾਂ ਦੀ ਜ਼ਮੀਨ ਵਰਖਾ ਰੁੱਤ ਵਿਚ ਡੰਗਰਾਂ ਦੇ ਚੁਗਣ ਲਈ ਘਾਹ ਹੋ ਜਾਂਦਾ, ਜਿਥੇ ਰਾਵੀ ਦੀ ਬੇਟ ਦੇ ਵਸਨੀਕ ਅਤੇ ਹੋਰ ਲੋਕ ਆਪਣੇ ਆਪਣੇ ਗਾਂਈ ਤੇ ਮਹੀਆਂ ਦੇ ਛੇੜ ਲਿਆਉਂਦੇ ਅਤੇ ਹਰ ਛੇੜ ਦਾ ਮਾਲਕ ਕੁਝ ਵਿਸ਼ੇਸ਼ ਰਕਬਾ ਆਪਣੇ ਲਈ ਰਾਖਵਾ ਕਰ ਲੈਂਦਾ। ਜਿਸ ਦੇ ਬਦਲੇ ਉਹ ਸਬੰਧਤ ਮਾਲਕ ਅਥਵਾ ਗੁਰਦੁਆਰਿਆਂ ਦੇ ਮਹੰਤਾਂ ਨੂੰ ਕੁਝ ਸਾਲਾਨਾ ਤ੍ਰਿਣੀ ਭਰ ਛੱਡਦਾ ਅਤੇ ਇਸ ਤਰ੍ਹਾਂ ਅਗੇ ਲਈ ਭੀ ਆਪਣਾ ਕਬਜਾ ਬਣਾਈ ਰਖਦਾ।

ਪੰਜਾਬ ਅੰਦਰ ਸੰਨ 1849 ਵਿਚ ਅੰਗਰੇਜ਼ੀ ਅਮਲਦਾਰੀ ਹੋ ਜਾਣ ਪਿਛੋਂ ਭੀ ਕਾਫੀ ਸਮਾਂ ਗੁਰਦੁਆਰਿਆਂ ਨਾਲ

ਸਬੰਧਤ ਜ਼ਮੀਨਾਂ ਦੀ ਇਹੋ ਦਸ਼ਾ ਰਹੀ ਅਤੇ ਥੋੜੀ ਬਹੁਤ ਵਸੋਂ ਜੋ ਇਥੇ ਸੀ ਉਹ ਗੁਰਦੁਆਰਾ ਜਨਮ ਅਸਥਾਨ ਦੇ ਦੁਆਲੇ ਹੀ ਸੀ, ਭਾਵੇਂ ਦੀਵੇਂ ਝਾੜੂ ਦੀ ਸੇਵਾ ਬਾਕੀ ਯਾਦ-ਗੀਰੀ ਵਾਲੀਆਂ ਥਾਈ ਭੀ ਹੁੰਦੀ ਸੀ।

ਸਾਂਦਲ ਬਾਰ ਦੀ ਜ਼ਰਖੇਜ਼ ਧਰਤੀ ਨੂੰ ਵਧੇਰੇ ਉਪਜਾਊ ਬਨਾਉਣ ਲਈ ਉਨੀਵੀ ਸਦੀ ਦੇ ਅਖਰੀਲ ਸਾਲਾਂ ਵਿਚ ਜਦੋਂ ਪੰਜਾਬ ਸਰਕਾਰ ਨੇ ਨਹਿਰਾਂ ਦੀ ਸਕੀਮ ਉਲੀਕੀ ਅਤੇ ਲੋਅਰ ਗੋਗੇਰਾ ਨਹਿਰ ਚਾਲੂ ਹੋਈ ਤਾਂ ਨਨਕਾਣਾ ਸਾਹਿਬ ਦੀ ਜੂਹ ਨੂੰ ਨਹਿਰੀ ਪਾਣੀ ਮਿਲਨ ਪਰ ਇਸ ਧਰਤੀ ਦੀ ਕਦਰ ਵਧ ਗਈ ਅਤ ਬਹੁਤ ਸਾਰੀਆਂ ਜ਼ਮੀਨਾਂ ਜੋ ਤ੍ਰਿਣੀ ਭਰ੍ਹਾਂ ਦੇ ਕਬਜੇ ਵਿਚ ਸਨ, ਜਾਂ ਪੈੜੇ ਵਾਲੀ, ਖਿਪ ਵਾਲੀ, ਆਦਿ ਖੂਹਾਂ ਜੋ ਗੈਰ ਲੋਕਾਂ ਦੀ ਕਾਸ਼ਤ ਹੇਠ ਸਨ, ਉਤੇ ਉਨ੍ਹਾਂ ਲੋਕਾਂ ਨੇ ਆਪੋ ਆਪ ਮੱਲ ਮਾਰ ਲਈ ਜੋ ਗੁਰਦੁਆਰਿਆਂ ਦੇ ਮਹੰਤ ਭੀ ਉਨ੍ਹਾਂ ਪਾਸੋਂ ਵਾਪਸ ਨ ਲੈ ਸਕੇ। ਬਲਕਿ ਰਹਿੰਦੀਆਂ ਜਮੀਨਾਂ ਪਰ ਭੀ ਮਹੰਤ ਅਤੇ ਉਨ੍ਹਾਂ ਦੇ ਹੋਰ ਲਵਾਹਿਕੀਨ ਆਪੋ ਆਪ ਕਬਜ਼ੇ ਕਰ ਬੈਠੇ ਅਤੇ ਹਰ ਕਿਸੇ ਨੇ ਆਪਣੇ ਨਾਮ ਦੀਆਂ ਵਸਤੀਆਂ ਆਪਣੀਆਂ ਮਕਬੂਜ਼ਾਂ ਜਮੀਨਾਂ ਵਿਚ ਬਣਾ ਲਈਆਂ ਜੋ ਵਸਤੀਆਂ ਉਨ੍ਹਾਂ ਦੇ ਨਾਮ ਤੇ ਹੁਣ ਤਕ ਕਾਇਮ ਹਨ ਯਥਾ ਕੋਟ ਸਾਧੂਰਾਮ, ਵਾੜਾ ਨਰੈਣ ਸਿੰਘ, ਝਲਾਰ ਗੰਗਾ ਰਾਮ, ਕੋਟ ਲਾਭ ਦਾਸ, ਕੋਟ ਲਹਿਣਾ ਦਾਸ।

ਨਨਕਾਣਾ ਸਾਹਿਬ ਬੁਰਜੀ ਅਤੇ ਇਸ ਦੇ ਆਲੇ ਦੁਆਲੇ

ਜ਼ਮੀਨੀ ਪੈਦਾਵਾਰ ਦੇ ਵਾਧੇ ਨੇ ਮੰਡੀ ਦੇ ਬਨਣ ਦੀ ਅਵਸ਼-ਕਤਾ ਪੈਦਾ ਕੀਤੀ ਇਸ ਦੇ ਨਾਲ ਹੀ ਰੇਲਵੇ ਲਾਈਨ ਦੀ ਕਾਇਮੀ ਤੇ ਰੇਲ ਗਡੀ ਦੀ ਆਵਾਜਾਈ ਨੇ ਹੋਰ ਸਹੂਲਤ ਦਿਤੀ। ਨਨਕਾਣਾ ਸਾਹਿਬ ਦਾ ਸਟੇਸ਼ਨ ਗੁਰਦੁਆਰਾ ਮਾਲ ਸਾਹਿਬ ਦੇ ਲਾਗੇ ਬਨਣ ਨਾਲ ਇਸ ਗੁਰਦੁਆਰੇ ਦੀ ਮਹੱਤ-ਤਾ ਵਧ ਗਈ ਅਤੇ ਇਸ ਦੇ ਮਹੰਤ ਨੇ ਸਭ ਤੋਂ ਪਹਿਲਾਂ ਗੱਲਾ ਮੰਡੀ ਦੀ ਸਥਾਪਨਾ ਕੀਤੀ ਇਸ ਮੰਡੀ ਦਾ ਨਾਮ ਭੀ ਗੁਰਦੁਆਰੇ ਦੇ ਨਾਮ ਪਰ ਮੰਡੀ ਮਾਲ ਸਾਹਿਬ ਪੈ ਗਿਆ ਅਤੇ ਇਸ ਦੇ ਦੁਆਲੇ ਸ਼ਹਿਰ ਵਸਣਾ ਅਰੰਭ ਹੋਇਆ।

ਗੁਰਦੁਆਰਿਆਂ ਦੀ ਆਮਦਨਾਂ ਵਧ ਜਾਣ ਨੇ ਸਬੰਧਤ ਮਹੰਤਾਂ ਦੇ ਜੀਵਨਾਂ ਵਿਚ ਤਬਦੀਲੀ ਲਿਆਉਣੀ ਹੀ ਸੀ, ਹੌਲੀ ਹੌਲੀ ਇਹ ਲੋਕ ਐਸ਼ ਪ੍ਰਸਤ ਹੋ ਗਏ ਅਤੇ ਗੁਰਦੁਆਰਿਆਂ ਦੀ ਸੇਵਾ ਤੇ ਧਰਮ ਪ੍ਰਚਾਰ ਵਲੋਂ ਅਵੇਸਲੇ ਰਹਿਣ ਲਗੇ, ਬਲਕਿ ਗੁਰਦੁਆਰੇ ਆਏ ਯਾਤਰੂ ਇਥੋਂ ਕੁਝ ਪ੍ਰਾਪਤ ਕਰਨ ਦੀ ਬਜਾਏ ਕਈ ਵਾਰ ਬੇਪਤ ਹੋ ਕੇ ਜਾਂਦੇ। ਜਿਸ ਗੱਲ ਨੇ ਮਹੰਤਾਂ ਦੇ ਸੁਧਾਰ ਦੇ ਖਿਆਲ ਨੂੰ ਜਨਮ ਦਿਤਾ ਜੋ ਹੌਲੀ ਹੌਲੀ ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਦੀ ਸ਼ਕਲ ਅਖਤਿਆਰ ਕਰ ਗਿਆ ਜਿਸ ਦਾ ਸਿੱਟਾ ਅਕਾਲੀ ਲਹਿਰ ਜਾਂ ਗੁਰਦੁਆਰਾ ਸੁਧਾਰ ਲਹਿਰ ਸੀ।

ਸਮੇਂ ਦੀ ਅੰਗਰੇਜ਼ੀ ਸਰਕਾਰ ਨਹੀਂ ਸੀ ਚਾਹੁੰਦੀ ਕਿ ਸਿੱਖ ਬਤੌਰ ਪੰਥਕ ਜਥੇਬੰਦੀ ਦੇ ਗੁਰਦੁਆਰਿਆਂ ਉਪਰ ਕਾਬਜ਼ ਹੋ ਜਾਣ, ਕਿਉਂਕਿ ਸਰਕਾਰ ਨੂੰ ਇਹ ਤੋਖਲਾ ਸੀ

ਕਿ-ਇਸ ਨਾਲ ਬਤੌਰ ਇਕ ਕੌਮ-ਦੇ ਸਿਖਾਂ, ਦੀ ਤਾਕਤ ਵਧ ਜਾਵੇਗੀ ਅਤੇ ਦੇਸ ਭਰ ਦੇ ਸਾਰੇ ਗੁਰਦੁਆਰਿਆਂ ਅਤੇ ਇਨ੍ਹਾਂ ਨਾਲ ਸਬੰਧਤ ਕਰੋੜਾ ਰੁਪੈ ਦੀਆਂ ਜਾਇਦਾਦਾਂ ਦਾ ਇਕ ਕੇਂਦਰੀ ਪ੍ਰਬੰਧ ਹੇਠ ਆ ਜਾਣ ਦਾ ਭਾਵ ਆਪਣੀ ਕਿਸਮ ਦੀ ਵਖਰੀ ਸਟੇਟ ਦੀ ਸਥਾਪਨਾ ਹੋਵੇਗਾ। ਸਰਕਾਰ ਦੇ ਤੌਖਲੇ ਦਾ ਦੂਜਾ ਕਾਰਨ ਸਰਕਾਰ ਦੇ ਮਨ ਅੰਦਰ ਇਹ ਨਿਸਚਾ ਹਣਾ ਸੀ ਕਿ ਸਿੱਖਾ ਦੀ ਗੁਰਦੁਆਰਿਆਂ ਉਤੇ ਕਬਜ਼ਾ ਕਰਨ ਦੀ ਲਹਿਰ ਨਿਰੋਲ ਧਾਰਮਕ ਜਾਂ ਗੁਰਦੁਆਰਾ ਸੁਧਾਰ ਲਹਿਰ ਹੀ ਨਹੀਂ ਸੀ ਬਲਕਿ ਇਹ ਭੀ ਸਿਆਸੀ ਜਮਾਤ ਸੀ ਜੋ ਗੁਰਦੁਆਰਿਆਂ ਦੇ ਚਰ ਪਰਦਾ ਦੇਸ਼ ਦੀ ਅਜ਼ਾਦੀ ਲਹਿਰ ਦਾ ਇਕ ਹਿਸਾ ਸੀ, ਅਜੇਹੇ ਕਾਰਨਾਂ ਕਰਕੇ ਸਰਕਾਰ ਨੇ ਸਿਖਾਂ ਦੇ ਵਿਰੋਧੀ ਮਹੰਤਾਂ ਦਾ ਪਖ ਲਿਆ ਅਤੇ ਗੁ: ਸੁਧਾਰ ਦੀ ਨਵੀਂ ਪੁੰਗਰਦੀ ਲਹਿਰ ਨੂੰ ਕੁਚਲ ਦੇਣ ਲਈ ਹਰ ਤਰਾਂ ਨਾਲ ਸ਼ਹਿ ਦਿਤੀ। ਬਲਕਿ ਮਿ: ਕਿੰਗ ਕਮਿਸ਼ਨਰ ਲਾਹੌਰ ਡੀਵੀਜ਼ਨ ਵਲੋਂ ਇਕ ਚਿਠੀ ਦੁਆਰਾ ਮਹੰਤਾਂ ਨੂੰ ਉਨ੍ਹਾਂ ਦੇ ਹਕੂਕ ਸੁਰੱਖਿਅਤ ਕਰਨ ਦਾ ਭਰੋਸਾ ਦਿਵਾਇਆ ਗਿਆ। ਸਰਕਾਰੀ ਅਫਸਰਾਂ ਵਲੋਂ ਅਜੇਹੀ ਹੌਸਲਾ ਅਫਜ਼ਾਈ ਨੇ ਮਹੰਤਾਂ ਦੇ ਦਿਲ ਵਧਾ ਦਿਤੇ ਅਤੇ ਉਨ੍ਹਾਂ ਖੁਲੇ ਤੌਰ ਤੇ ਬੰਦੂਕਾਂ ਤੇ ਹੋਰ ਅਸਲਾ ਜਮਾਂ ਕਰਨਾ ਅਤੇ ਬਦਮਾਸ਼ ਆਦਮੀਆਂ ਨੂੰ ਨੌਕਰ ਰਖਣਾ ਸ਼ੁਰੂ ਕਰ ਦਿਤਾ।

## ਸਾਕਾ ਨਨਕਾਣਾ ਸਾਹਿਬ

ਗੁ: ਜਨਮ ਅਸਥਾਨ ਨਨਕਾਣਾ ਸਾਹਿਬ ਦਾ

ਮਹੰਤ ਨਰੈਣ ਦਾਸ ਇਸ ਪਖੋਂ ਬਹੁਤ ਅਗਾਂਹ ਵਧਿਆ ਹੋਇਆ ਸੀ। ਉਸ ਨੇ 28 ਪੱਖਤੂਨੀ ਪਠਾਣ ਅਤੇ ਬਹੁਤ ਸਾਰੇ ਮਾਝ ਦੇ ਭਗੌੜੇ ਕਾਤਲ ਨੌਕਰ ਰਖੇ ਹੋਏ ਸਨ ਅਤੇ ਗੋਲੀ ਸਿੱਕਾ ਤੇ ਅਸਲਾ ਜਮਾਂ ਕੀਤਾ ਹੋਇਆ ਸੀ।

ਨਰੈਣ ਦਾਸ ਦੇ ਮੰਦੇ ਆਚਰਨ ਅਤੇ ਪੰਥ ਵਿਰੋਧੀ ਚਾਲ, ਦੀ ਚਰਚਾ ਸਾਰੇ ਪੰਥ ਅੰਦਰ ਫੈਲੀ ਹੋਈ ਸੀ, ਜਿਸ ਕਰਕੇ ਉਸ ਨੂੰ ਮਹੰਤ ਦੀ ਪਦਵੀ ਤੋਂ ਹਟਾਏ ਜਾਣ ਲਈ ਸਿਖ ਸਮੁਚੇ ਤੌਰ ਤੇ ਕਾਹਲ ਸਨ। ਇਸ ਬਾਰੇ ਮਹੰਤ ਨਾਲ ਨਿਪਟਾਰਾ ਕਰਨ ਲਈ ਸਿੱਖ ਮੁਖੀਆ ਅਤੇ ਕੁਝ-ਹੋਰ ਮੁਲਕੀ ਨੇਤਾਵਾਂ ਦੀ ਇਕ ਇਕਤਰਤਾ 4 ਤੋਂ 6 ਮਾਰਚ 1921 ਨੂੰ ਕੀਤਾ ਤੇ ਪਾਇਆ ਹੋਇਆ ਸੀ ਪਰੰਤੂ ਮਹੰਤ ਢਿਡੋਂ ਸਾਫ ਨਹੀਂ ਸੀ, ਇਕ ਪਾਸੇ ਉਸ ਨੇ ਸਮਝੌਤੇ ਦੀ ਗੱਲ ਛੇੜ ਰਖੀ ਸੀ, ਦੂਜੇ ਬੰਨੇ ਲਾਲਾ ਲਾਜਪਤ ਰਾਏ ਨਾਲ ਗੁਰਦੁਆਰੇ ਦੇ ਪ੍ਰਬੰਧ ਲਈ ਆਪਣੀ ਮਰਜ਼ੀ ਦਾ ਟਰਸਟ ਕਇਮ ਕਰਨ ਦੀ ਗੋਂਦ ਗੁੰਦੀ ਜਾ ਰਹੀ ਸੀ। ਪਰ ਉਸ ਦੀ ਨਿਜੀ ਮਰਜ਼ੀ 4 ਤੋਂ 6 ਮਾਰਚ ਨੂੰ ਹੋਣ ਵਾਲੇ ਮੁਖੀਆਂ ਦੇ ਇੱਕਠ ਨੂੰ ਉਥੇ ਹੀ ਸਦਾ ਲਈ ਖਤਮ ਕਰਨ ਅਥਵਾ ਉਥੇ ਪੁਜੇ ਮੁਖੀਆਂ ਨੂੰ ਮਾਰ ਮੁਕਾਉਣ ਦੀ ਸੀ।

ਮਹੰਤ ਦੀ ਇਹ ਗੁਪਤ ਚਾਲ ਪੋਸ਼ੀਦਾ ਨ ਰਹਿ ਸਕੀ ਅਤੇ ਇਸ ਦਾ ਭੇਤ ਸ. ਕਰਤਾਰ ਸਿੰਘ ਝੱਬਰ ਨੂੰ ਮਿਲ ਗਿਆ ਮਹੰਤ ਦੀ ਇਸ ਚਾਲ ਨੂੰ ਅਸਫਲ ਬਨਾਉਣ ਅਤੇ ਉਸ ਤੋਂ ਪਿਛੋਂ ਗੁ. ਜਨਮ ਅਸਥਾਨ ਦਾ ਕਬਜ਼ਾ

ਕਰ ਲੈਣ ਦੀ ਵਿਉਂਤ ਝੱਬਰ ਜੀ ਨੇ ਜਥੇਦਾਰ ਲਛਮਣ ਸਿਘ ਜੀ ਸਹੀਦ ਨਾਲ ਬਣਾਈ ਅਤੇ ਫੈਸਲਾ ਹੋਇਆ ਕਿ 19 ਤੇ 20 ਫਰਵਰੀ ਦੀ ਦਰਮਿਆਨੀ ਰਾਤ ਜਦੋਂ ਮਹੰਤ ਇਨਾ ਤਾਰੀਖਾਂ ਨੂੰ ਲਾਹੌਰ ਵਿਚ ਹੋਣ ਵਾਲੀ ਉਦਾਸੀ ਮਹਾਂ ਮੰਡਲ ਦੀ ਕਾਨਫਰੰਸ ਤੇ ਗਿਆ ਹੋਵੇਗਾ, ਗੁਰਦੁਆਰੇ ਦਾ ਕਬਜ਼ਾ ਕਰ ਲਿਆ ਜਾਏ। ਜਿਸ ਵਾਸਤੇ 19 ਫਰਵਰੀ ਸ਼ਾਮੀ ਤਰਕਾਲਾਂ ਪੈਣ ਮਗਰੋਂ ਝਬਰ ਜੀ ਆਪਣੇ ਜਥੇ ਸਮੇਤ ਗੁ: ਖ਼ਰਾ ਸੌਦਾ (ਚੂਹੜ ਕਾਣਾ) ਤੋਂ ਅਤੇ ਜਥੇਦਾਰ ਲਛਮਣ ਸਿੰਘ ਧਾਰੋਵਾਲ (ਨਿਜ਼ਦ ਸਾਂਗਲਾ) ਤੋਂ ਚਲਨ ਅਤੇ ਚੰਦਰ ਕੋਟ ਦੀ ਝਾਲ ਤੇ ਇਕਠੇ ਹੋ ਕੇ 20 ਫਰਵਰੀ ਸਵੇਰ ਸਾਰ ਗੁਰਦੁਆਰੇ ਦਾ ਕਬਜ਼ਾ ਕਰ ਲੈਣ।

19 ਫਰਵਰੀ ਸ਼ਾਮ ਨੂੰ ਭਾਈ ਦਲੀਪ ਸਿਘ ਸ਼ਹੀਦ ਅਤੇ ਸ. ਜਸਵੰਤ ਸਿੰਘ ਝਬਾਲ, ਮਾ: ਤਾਰਾ ਸਿੰਘ ਅਤੇ ਸ. ਤੇਜਾ ਸਿੰਘ ਸਮੁੰਦਰੀ ਵਲੋਂ ਸ੍ਰੀ: ਗੁ: ਪ੍ਰ: ਕਮੇਟੀ ਦਾ ਝੱਬਰ ਦੇ ਨਾਮ ਹੁਕਮ ਲੈ ਕੇ ਖਰੇ ਸੌਦੇ ਪੁਜ ਗਏ ਅਤੇ ਭਾਈ ਦਲੀਪ ਸਿਘ ਤਿਨ ਹੋਰ ਸਾਥੀਆਂ ਸਮੇਤ ਭਾਈ ਲਛਮਣ ਸਿੰਘ ਜੀ ਨੂੰ ਇਹ ਹੁਕਮ ਦਸਣ ਲਈ ਘੋੜਸਵਾਰ ਹੋਏ ਜਥੇ ਦੀ ਭਾਲ ਵਿਚ ਸਾਰੀ ਰਾਤ ਫਿਰਦੇ ਰਹੇ ਪਰ ਜਥਾ ਨ ਮਿਲਿਆ 20 ਫਰਵਰੀ ਸਵੇਰੇ ਪੰਜ ਵਜੇ, ਜਦੋਂ ਭਾਈ ਵਰਿਆਮ ਸਿੰਘ ਨੇ ਇਹ ਲਿਖਤੀ ਹੁਕਮ ਜਥੇਦਾਰ

ਲਛਮਣ ਸਿੰਘ ਨੂੰ ਦਿਤਾ, ਉਸ ਸਮੇਂ ਜਥਾ ਅੰਤਲਾ ਅਰਦਾਸਾ ਸੋਧ ਕੇ ਗੁਰਦੁਆਰੇ 'ਤੋਂ ਚਾਰ ਕੁ ਸੌ ਗਜ਼ ਦੂਰ ਜਨਮ ਅਸਥਾਨ ਵੱਲ ਜਾ ਰਿਹਾ ਸੀ। ਜਥੇ ਨੇ ਹੁਣ ਪਿਛੇ ਮੁੜਨਾ ਠੀਕ ਨ ਸਮਝਿਆ ਰਵਾਂ ਰਵੀਂ ਗੁਰਦੁਆਰੇ ਅੰਦਰ ਦਾਖਲ ਹੋ ਕੇ ਦਰਵਾਜ਼ੇ ਬੰਦ ਕਰ ਲੈ ਅਤੇ ਗੁਰਦੁਆਰੇ ਦੀ ਚੌਖੰਡੀ ਅਤੇ ਬਾਰਾਦਰੀ ਅੰਦਰ ਬੈਠ ਕੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਦਿਤਾ। ਉਸ ਸਮੇਂ ਮਹੰਤ ਗੁਰਦੁਆਰੇ ਦੇ ਪਿਛਵਾੜੇ ਮਿਹਮਾਨ ਖਾਨੇ ਵਾਲੇ ਮਕਾਨ ਵਿਚ ਸੀ (ਮਹੰਤ ਨੂੰ 19 ਫਰਵਰੀ ਨੂੰ ਜਥੇ ਲੈ ਜਾਕੇ ਰਾਤ ਨੂੰ ਗੁਰਦੁਆਰੇ ਪੁਜਣ ਦੀ ਸੂਹ ਮਿਲ ਚੁਕੀ ਸੀ ਜਿਸ ਲਈ ਉਹ ਲਾਹੌਰ ਜਾਣੋ ਰੁਕ ਗਿਆ ਸੀ। ਮਹੰਤ ਨੇ ਇਸ ਕਾਰਜ ਲਈ ਭਰਤੀ ਕੀਤੇ ਆਪਣੇ ਆਦਮੀਆਂ ਨੂੰ ਬਾਹਰ ਤੋਂ ਪੌੜੀਆਂ ਲਗਾ ਕੇ ਗੁਰਦੁਆਰੇ ਦੇ ਹਾਤੇ ਦੀ ਢਖਣੀ ਬਾਹੀ ਦੇ ਕਮਰਿਆਂ ਉਪਰ ਚੜ੍ਹਾ ਦਿਤਾ ਜਿਥੋਂ ਉਨ੍ਹਾਂ ਨ ਬਾਰਾਦਰੀ ਅੰਦਰ ਬੈਠੇ ਸਿੰਘਾਂ ਉਪਰ ਗੋਲੀ ਵਰਸਾਉਣੀ ਸ਼ੁਰੂ ਕੀਤੀ ਅਤੇ ਜਦ ਉਹ ਸਾਰੇ ਮਾਰੇ ਜਾਂ ਜ਼ਖਮੀ ਹੋ ਗਏ ਤਾਂ ਹਨਾਂ ਉੱਤਰ ਚੋਖੰਡੀ ਦੇ ਅੰਦਰ ਬੈਠੇ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ। ਨੌ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਵੀ ਲਗੀਆਂ। ਉਪਰੰਤ ਜਥੇਦਾਰ ਲਛਮਣ ਸਿੰਘ ਨੂੰ ਜ਼ਖਮੀ ਹਾਲਤ ਵਿਚ ਬਾਹਰ ਖੜੇ ਜੰਡ ਨਾਲ ਬੰਨ੍ਹ ਕੇ ਮਿਟੀ ਦਾ ਤੇਲ ਪਾਇਆ ਅਤੇ ਅਗ

ਲਗ ਦਿਤੀ ਜਦੋਂ ਸਾਰ ਸ਼ਿਘ ਮਾਰੇ ਜਾ ਫੱਟੜ ਕੀਤੇ ਜਾ ਚੁਕੇ ਤਾਂ ਇਨਾਂ ਨੂੰ ਤਿੰਨ ਢੇਰਾਂ ਅੰਦਰ ਇਕਠਾ ਕੀਤਾ ਅਤੇ ਲਕੜ ਕਾਠ ਅਤੇ ਮਿਟੀ ਦੇ ਤੇਲ ਦੇ ਕਈ ਟੀਨ ਉਪਰ ਸੁਟ ਕੇ ਲੰਬੂ ਲਾ ਦਿਤਾ ਅਤੇ ਉਸ ਵਕਤ ਤਕ ਅਗ ਜਲਦੀ ਰਖੀ ਜਦ ਨੂੰ ਸਾਰੀਆਂ ਲਾਸ਼ਾਂ ਪਛਾਣ ਰਹਿਤ ਨ ਹੋ ਗਈਆਂ।

ਚੋਖੰਡੀ ਦੇ ਅੰਦਰ ਬੈਠੇ ਸਿਘਾਂ ਵਿਚ ਰਿਆਸਤ ਪਟਿਆਲੇ ਦੇ ਪਿੰਡ ਜਰਗ ਦਾ ਭਾਈ ਕਹਰ ਸਿੰਘ ਸਮੇਤ ਉਸ ਦੇ ਦਸ ਸਾਲੇ ਸਪੁੱਤਰ ਬਲਵਤ ਸਿੰਘ ਵੀ ਸਨ। ਜਦ ਸਿਘਾਂ ਉਪਰ ਬਾਹਰ ਗੋਲੀ ਵਰ੍ਹ ਰਹੀ ਸੀ ਤਾਂ ਚੌਖੰਡੀ ਅੰਦਰ ਬੈਠੇ ਸਿੰਘਾਂ ਨੇ ਬਲਵੰਤ ਸਿੰਘ ਨੂੰ ਉਥੇ ਹੀ ਇਕ ਵਡੀ ਅਲਮਾਰੀ ਅਦਰ ਬੰਦ ਕਰ ਦਿਤਾ ਸੀ। ਜਦੋਂ ਭਾਈ ਕੇਹਰ ਸਿਘ ਅਤੇ ਉਸ ਨਾਲ ਚੋਖੰਡੀ ਅੰਦਰ ਬੈਠੇ ਸਿੰਘ ਮਾਰੇ ਜਾ ਰਹ ਸਨ ਤਾਂ ਅਲਮਾਰੀ ਅੰਦਰ ਬੰਦ ਕੀਤਾ ਬਲਵੰਤ ਸ਼ਿਘ ਅਲਮਾਰੀ ਦੇ ਤਾਕਾਂ ਨੂੰ ਅੰਦਰੋਂ ਠੁਡ ਮਾਰ ਮਾਰ ਕਹੀ ਜਾ ਰਿਹਾ ਸੀ 'ਮੈਨੂੰ ਬਾਹਰ ਕਢੋ ਮੈਂ ਆਪਣੇ ਬਾਪੂ ਨਾਲ ਸ਼ਹੀਦ ਹੋਵਾਂਗਾ', ਗਲੀ ਚਲ ਹਟਣ ਪਿਛੋਂ ਭੀ ਬਲਵੰਤ ਸਿੰਘ ਅਲਮਾਰੀ ਖੋਲ੍ਹੇ ਜਾਣ ਲਈ ਵਾਰ ਵਾਰ ਕਹੀ ਜਾ ਰਿਹਾ ਸੀ। ਉਸ ਸਮੇਂ ਮਹੰਤ ਨਰੈਣ ਦਾਸ ਦੇ ਚੇਲੇ ਲਧਾ ਰਾਮ ਨੇ ਅਗੇ ਹੋ ਕੇ ਅਲਮਾਰੀ ਖੋਹਲੀ ਤਾਂ ਬਲਵੰਤ ਸਿੰਘ ਨੇ ਅਲਮਾਰੀ ਵਿਚੋਂ ਉਚੀ ਉਚੀ ਵਾਰ 2 ਇਹ ਕਹਿੰਦੇ ਹੋਏ

ਛਾਲ ਮਾਰ ਦਿਤੀ ਕਿ ਮੈਂ ਆਪਣੇ ਬਾਪੂ ਨਾਲ ਸ਼ਹੀਦ ਹੋਣਾ ਹੈ । ਸਾਧ ਲਧਾ ਰਾਮ ਨੇ ਬਲਵੰਤ ਸਿੰਘ ਨੂੰ ਆਪਣੇ ਫੜੋ ਵਿਚ ਲਿਆ ਅਤੇ । ਵਹ ਕਹਿੰਦੇ ਹੋਇ ਕਿ 'ਪਹੁਚਾਉ ਇਸ ਨੂੰ ਇਸ ਦੇ ਬਾਪੂ ਕੋਲ' ਬਾਹਰ ਬਲ ਰਹੀ ਸਿੰਘਾਂ ਦੀ ਚਿਖਾ ਵਿਚ ਸੁਟ ਦਿਤ ਜਿਥੇ ਬਲਵੰਤ ਸਿੰਘ ਜੀਊਂਦੇ ਜੀਅ ਸੜ ਕੇ ਸੁਅਹ ਹੋ ਗਿਆ ।

ਇਸ ਸਮੇਂ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਨੂੰ, ਜੋ ਗੁਰਦੁਆਰੇ ਅੰਦਰ ਗੋਲੀ ਵਰ੍ਹਦੀ ਸੁਣ ਇਕ ਮੀਲ (ਭਾਈ ਉਤਮ ਸਿੰਘ ਦੇ ਕਾਰਖਾਨੇ) ਤੋਂ ਏਥੇ ਪੁਜੇ ਸਨ, ਮਹਤ ਵਲੋਂ ਗੁਰਦੁਆਰੇ ਦੇ ਬਾਹਰ ਹੀ ਸ਼ਹੀਦ ਕੀਤਾ ਗਿਆ ਅਤੇ ਲਾਗੇ ਬਲ ਰਹੀ ਘੁਮਿਆਰਾ ਦੇ ਭਾਂਡੇ ਪਕਾਉਣ ਵਾਲੀ ਆਵੀ ਵਿਚ ਸੁਟ ਦਿਤਾ ਗਿਆ ਸੀ ਇਸ ਤਰਾਂ ਲਗਪਗ ਡੇਢ ਸੌ ਸਿੰਘ ਸ਼ਹੀਦ ਕੀਤਾ ਗਿਆ ਸੀ ।

ਇਸ ਭਿਆਨਕ ਸਾਕੇ ਦੀਆਂ ਤਾਰਾਂ ਸ. ਉਤਮ ਸਿੰਘ ਨੇ ਸਟੇਸ਼ਨ ਮਾਸਟਰ ਸ. ਕਰਮ ਸਿੰਘ ਰਾਹੀਂ ਥਾਊਂ ਥਾਂਈ ਭੇਜੀਆਂ । ਗੁ. ਖਰੇ ਸੌਦੇ (ਚੂਹੜਕਾਣੇ) ਤਾਰ ਪੁਜਣ ਸਾਰ ਭੁੱਬਰ ਜੀ ਨੇ ਪਿੰਡੋਂ ਪਿੰਡੀ ਖਬਰ ਕੀਤੀ ਅਤੇ ਬਾਈ ਸੋ ਸਿੰਘਾਂ ਦੇ ਜਥੇ ਨਾਲ 21 ਫਰਵਰੀ ਦੀ ਰਾਤ ਨੂੰ ਨਨਕਾਣਾ ਸਾਹਿਬ ਵੱਲ ਕੂਚ ਕਰ ਦਿਤਾ । ਇਸ ਸਾਕੇ ਦੀ ਰੀਪੋਰਟ ਪੁਜਣ ਸਾਰ ਲਾਹੌਰ ਤੋਂ ਕਮਿਸ਼ਨਰ ਕਿੰਗ ਸੇਖੂਪੁਰੇ ਦਾ ਡੀ.

ਸੀ. ਕਰੀ ਸੌ ਗੋਰੇ ਸਿਪਾਹੀਆਂ ਤੇ ਮਸ਼ੀਨਗੰਨਾ ਸਮੇਤ ਨਨਕਾਣਾ ਸਾਹਿਬ ਪੁਜ ਗਏ ਸਨ ਅਤੇ ਗੁ: ਜਨਮ ਅਸਥਾਨ ਨੂੰ ਘੇਰੇ ਵਿਚ ਲੈ ਲਿਆ ਹੋਇਆ ਸੀ । 20 ਫਰਵਰੀ ਬਾਦ ਦੁਪਹਿਰ ਜਦੋਂ ਝਬਰ ਦਾ ਜਥਾ ਨਨਕਾਣਾ ਸਾਹਿਬ ਲਾਗੇ ਰੇਲਵੇ ਲਾਈਨ ਤੋਂ ਹਾਲਾਂ ਪਿਛੇ ਹੀ ਸੀ ਕਿ ਡੀ. ਸੀ. ਨੇ ਜਥੇ ਨੂੰ ਰੁਕ ਜਾਣ ਦਾ ਹੁਕਮ ਅਤੇ ਗੋਲੀ ਚਲਾਉਣ ਦੀ ਧਮਕੀ ਦਿਤੀ ਪਰ ਜਥਾ ਮਰਣ ਮਾਰਣ ਲਈ ਤਿਆਰ ਸੀ ਅਤੇ ਲਾਠੀਆਂ ਛਵੀਆਂ ਬਰਛਿਆਂ ਕ੍ਰਿਪਾਨਾ ਨਾਲ ਮੁਸੱਲਹ ਸੀ । ਲੰਮੀ ਚੌੜੀ ਗੱਲ ਬਾਤ ਪਿਛੋਂ ਕਮਿਸ਼ਨਰ ਨੇ ਗੁਰਦੁਆਰੇ ਦੀਆਂ ਚਾਬੀਆਂ ਝੱਬਰ ਜੀ ਨੂੰ ਦੇਂਦੇ ਹੋਏ ਕਿਹਾ ਕਿ ਆਪ ਗੁਰਦੁਆਰੇ ਕੇ ਇੰਤਜ਼ਾਮ ਕੇ ਲੀਏ ਏਕ ਕਮੇਟੀ ਬਣਾ ਲੋ, ਹਮ ਗੁਰਦੁਆਰੇ ਕਾ ਕਬਜ਼ਾ ਉਸ ਕਮੇਟੀ ਕੋ ਲਿਖ ਦੇਗਾ । ਉਸ ਸਮੇਂ ਸ, ਹਰਬੰਸ ਸਿੰਘ ਅਟਾਰੀ ਸ. ਬ. ਮਹਿਤਾਬ ਸਿੰਘ, ਸ. ਅਮਰ ਸਿੰਘ ਲਾਇਲ ਗਜ਼ਟ ਵਾਲੇ ਅਤੇ ਕੁਝ ਹੋਰ ਸਿੰਘ ਲਾਹੌਰ ਤੋਂ ਪੁਜੇ ਹੋਏ ਸਨ ਸੋ ਸ. ਹਰਬੰਸ ਸਿੰਘ ਦੀ ਪ੍ਰਧਾਨਗੀ ਹੇਠ ਸਤ ਮੈਂਬਰਾਂ ਦੀ ਇਕ ਆਰਜ਼ੀ ਕਮੇਟੀ ਬਨਾਈ ਗਈ ਜਿਸ ਨੂੰ ਗੁਰਦੁਆਰੇ ਦਾ ਕਬਜ਼ਾ ਕਮਿਸ਼ਨਰ ਨੇ ਲਿਖ ਦਿਤਾ ਅਤੇ ਇਸ ਤਰ੍ਹਾਂ 21 ਫਰਵਰੀ ਸ਼ਾਮ ਦੇ ਪੰਜ ਵਜੇ ਸਿੰਘਾਂ ਦਾ ਗੁਰਦੁਆਰੇ ਪਰ ਕਬਜ਼ਾ ਹੋ ਗਿਆ 22 ਫਰਵਰੀ ਨੂੰ ਸਵੇਰੇ ਦਰਵਾਜ਼ੇ ਖੋਹਲੇ ਗਏ ਤਾਂ ਸਾਰਾ ਅੰਦਰ ਲਹੂ

ਹਾਨ ਹੋਇਆ ਪਿਆ ਸੀ ਅਤੇ ਥਾਂ ਪਰ ਥਾਂ ਸਹੀਦਾਂ ਦੇ ਮਾਸ ਦੀਆ ਬੋਟੀਆ ਅਤੇ ਸਰੀਰਾਂ ਦੇ ਅਧ ਸੜੇ ਅੰਗ ਡਿੰਨ ਢੇਰਾਂ ਵਚ ਪਏ ਸਨ ਤਿੰਨ ਸਿੰਘਾਂ ਦੀਆਂ ਲਾਸ਼ਾਂ ਅਣ ਸੜੀਆਂ ਇਕ ਵੰਨੇ ਪਾਈਆ ਸਨ ਇਸ਼ ਦ੍ਰਿਸ਼ ਨੂੰ ਵੇਖਣ ਗਵਰਨਰ ਪੰਜਾਬ ਅਤੇ ਕਈ ਨੇਤਾ ਮੌਕੇ ਤੇ ਪੁਜੇ ਅਤੇ ਸਾਕੇ ਤੋਂ ਚੌਥੇ ਦਿਨ ਸ਼ਹੀਦਾਂ ਦੇ ਬਚੇ ਖੁਚੇ ਸਰੀਰਾਂ ਦੇ ਹਿਸਿਆਂ ਅਤੇ ਲਾਸ਼ਾ ਦਾ ਇਕ ਵਡਾ ਅੰਗੀਠਾ ਬਣਾ ਕੇ ਸੰਸਕਾਰ ਗਿਆ ਕੀਤਾ।